ਆਕਾਸ਼ਵਾਣੀ ਜਲੰਧਰ

ਰਾਸ਼ਟਰੀ ਖਬਰਾਂ ਪੰਜਾਬੀ

19:30

ਮਿਤੀ: 27-11-2026

ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ

- ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰੇਨ ਰਿਜਿਜੂ ਨੇ ਕਿਹਾ ਹੈ ਕਿ ਸਰਕਾਰ ਸੋਮਵਾਰ ਤੋਂ ਸ਼ੁਰੂ ਹੋ ਰਹੇ ਲੋਕ ਸਭਾ ਦੇ 4 ਦਿਨਾਂ ਸਮਾਗਮ ਦੌਰਾਨ ਮਹੱਤਵਪੂਰਨ ਬਿੱਲ ਪੇਸ਼ ਕਰੇਗੀ।

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਨਵੀਂ ਦਿੱਲੀ ਵਿੱਚ 25ਵੀਂ ਹਿੰਦ ਮਹਾਸਾਗਰ ਰਿਮ ਐਸੋਸੀਏਸ਼ਨ IORA ਦੀ ਮੀਟਿੰਗ ਵਿੱਚ ਹਿੱਸਾ ਲੈਣ ਵਾਲੇ ਮੈਂਬਰ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਤੇ ਵਫਦਾਂ ਦੇ ਮੁਖੀਆਂ ਨਾਲ ਮੁਲਾਕਾਤ ਕੀਤੀ |

- ਕਲਕੱਤਾ ਹਾਈ ਕੋਰਟ ਨੇ ਪੱਛਮੀ ਬੰਗਾਲ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਵਜੋਂ ਰਿਤਾਬ੍ਰਤ ਬੈਨਰਜੀ ਅਤੇ CHIEF WHIP ਵਜੋਂ ਅਖਰੂਜ਼ਮਾਨ ਦੀ ਨਿਯੁਕਤੀ ਰੱਦ ਕਰ ਦਿੱਤੀ ਏ |

- ਪੰਜਾਬ ‘ਚ ਅੱਜ ਰਾਤੀ 8 ਵਜੇ ਤੋਂ 8 ਵੱਜ ਕੇ 5 ਮਿੰਟ ਤੱਕ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਸਿਵਲ ਡਿਫੈਂਸ ਰੱਖਿਆ ਅਭਿਆਸ ਤਹਿਤ ਹਵਾਈ ਹਮਲਾ ਅਤੇ ਬਲੈਕਆਊਟ ਡ੍ਰਿਲ ਹੋਏਗੀ ।

- CAG ਦਿੱਲੀ ਦੀ ਟੀਮ INDIAN OIL ਨੂੰ 2 - 1 ਨੂੰ ਹਰਾ ਕੇ 43ਵੇਂ ਇੰਡੀਅਨ OIL ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਦੇ ਫਾਈਨਲ 'ਚ ਪਹੁੰਚ ਗਈ ਏ |

- ਕ੍ਰਾਈਸਟਚਰਚ ਵਿੱਚ ਭਾਰਤ ਖਿਲਾਫ ਦੂਜੇ ਟੈਸਟ ਮੈਚ ਦੇ ਪਹਿਲੇ ਦਿਨ ਦੀ ਖੇਡ ਖਤਮ ਹੋਣ ਤਕ NEWZEALAND ਨੇ ਆਪਣੀ ਪਹਿਲੀ ਪਾਰੀ 'ਚ 5 ਵਿਕਟਾਂ ਤੇ 246 ਦੌੜਾਂ ਬਣਾ ਲਈਆਂ ਨੇ |

ਹੁਣ ਖਬਰਾਂ ਵਿਸਥਾਰ ਨਾਲ

ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜੀਜੂ ਨੇ ਕਿਹਾ ਹੈ ਕਿ ਸਰਕਾਰ ਸੋਮਵਾਰ ਤੋਂ ਸ਼ੁਰੂ ਹੋ ਰਹੇ ਚਾਰ ਦਿਨਾਂ ਦੇ ਲੋਕ ਸਭਾ ਸਮਾਗਮ ਦੌਰਾਨ ਮਹੱਤਵਪੂਰਨ ਬਿੱਲ ਪੇਸ਼ ਕਰੇਗੀ। ਨਵੀਂ ਦਿੱਲੀ ਵਿੱਚ ਮੀਡੀਆ ਨਾਲ ਗੱਲਬਾਤ ਕਰਦੇ ਸ੍ਰੀ ਰਿਜੀਜੂ ਨੇ ਕਿਹਾ ਕਿ ਇਹ ਬਿੱਲ 2 ਦਸੰਬਰ ਤੋਂ ਸ਼ੁਰੂ ਹੋਣ ਵਾਲੇ ਰਾਜ ਸਭਾ ਦੇ ਸਮਾਗਮ ਵਿੱਚ ਵੀ ਪੇਸ਼ ਕੀਤੇ ਜਾਣਗੇ। ਸ੍ਰੀ ਰਿਜੀਜੂ ਨੇ ਕਿਹਾ ਕਿ ਉਨ੍ਹਾਂ ਨੇ ਇਸ ਮਾਮਲੇ ਤੇ ਪ੍ਰਮੁੱਖ ਰਾਜਨੀਤਿਕ ਪਾਰਟੀਆਂ ਦੇ ਨੇਤਾਵਾਂ ਨਾਲ ਚਰਚਾ ਕੀਤੀ ਹੈ ਤੇ ਸਾਰੀਆਂ ਪਾਰਟੀਆਂ ਤੋਂ ਸਹਿਯੋਗ ਦੀ ਅਪੀਲ ਕੀਤੀ। ਉਨ੍ਹਾਂ ਨੇ ਇੱਕੋ ਜਿਹੇ ਸੰਸਦ ਮੈਂਬਰਾਂ ਦੇ

ਇਨ੍ਹਾਂ ਇਲਜ਼ਾਮਾਂ ਨੂੰ ਰੱਦ ਕੀਤਾ ਕਿ ਸਰਕਾਰ ਸਥਾਪਤ ਨਿਯਮਾਂ ਦੀ ਪਾਲਣਾ ਨਹੀਂ ਕਰਦੀ। ਸ੍ਰੀ ਰਿਜੀਜੂ ਨੇ ਕਿਹਾ ਕਿ ਮਹੱਤਵਪੂਰਨ ਵਿਧਾਨਕ ਕੰਮਾਂ ਲਈ ਸੰਸਦ ਦੀਆਂ ਵਿਸ਼ੇਸ਼ ਮੀਟਿੰਗਾਂ ਜਾਂ ਸਮਾਗਮ ਬੁਲਾਏ ਜਾ ਸਕਦੇ ਨੇ ਅਤੇ ਇਹ ਪਹਿਲਾਂ ਵੀ ਹੋਇਆ ਹੈ।

BYTE

ਸ੍ਰੀ ਰਿਜੀਜੂ ਨੇ ਸਾਰੀਆਂ ਸਿਆਸੀ ਪਾਰਟੀਆਂ ਦੇ ਨੇਤਾਵਾਂ ਅਤੇ ਸੰਸਦ ਮੈਂਬਰਾਂ ਨੂੰ ਪੇਸ਼ ਕੀਤੇ ਜਾਣ ਵਾਲੇ ਬਿੱਲਾਂ ਤੇ ਚਰਚਾ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸੰਸਦ ਦੇ ਦੋਹਾਂ ਸਦਨਾਂ ਦੇ ਸੁਚਾਰੂ ਕੰਮਕਾਜ ਨੂੰ ਯਕੀਨੀ ਬਣਾਉਣਾ ਸਾਰੇ ਸੰਸਦ ਮੈਂਬਰਾਂ ਦੀ ਜ਼ਿੰਮੇਵਾਰੀ ਏ |

ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਵਿਗਿਆਨਕ ਖੋਜ ਦਸਤਾਵੇਜ਼ੀਕਰਨ ਅਤੇ ਸੰਸਥਾਗਤ ਸਹਿਯੋਗ ਰਾਹੀਂ ਭਾਰਤ ਦੀਆਂ ਰਵਾਇਤੀ ਦਵਾਈ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ ਹੈ। ਉਹ ਅੱਜ ਕੇਰਲਾ ਦੇ ਤ੍ਰਿਸ਼ੂਰ ਵਿੱਚ ਵੈਦਿਆ ਰਤਨਮ ਆਯੁਰਵੇਦ ਕਾਲਜ ਦੇ ਗੋਲਡਨ ਜੁਬਲੀ ਸਮਾਰੋਹ ਦੇ ਸਮਾਪਤੀ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਰਾਸ਼ਟਰਪਤੀ ਨੇ ਕੇਰਲਾ ਦੀ ਅਮੀਰ ਆਯੁਰਵੈਦਿਕ ਵਿਰਾਸਤ ਦਾ ਜ਼ਿਕਰ ਕੀਤਾ ਤੇ ਪ੍ਰਾਚੀਨ ਆਯੁਰਵੈਦਿਕ ਗਿਆਨ ਨੂੰ ਸੁਰੱਖਿਅਤ ਰੱਖਣ ਅਤੇ ਇਸ ਦੇ ਪਸਾਰ ਵਿੱਚ ਅਸ਼ਟ ਵੈਦ ਪਰਿਵਾਰਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਪ੍ਰਾਚੀਨ ਗ੍ਰੰਥਾਂ, ਹੱਥ ਲਿਖਤਾਂ, ਇਲਾਜ ਵਿਧੀਆਂ ਤੇ ਰਵਾਇਤੀ ਅਭਿਆਸਾਂ ਨੂੰ ਯੋਜਨਾਬੱਧ ਢੰਗ ਨਾਲ

ਦਸਤਾਵੇਜ਼ੀ ਕਰਨ ਦੀ ਲੋੜ ਤੇ ਵੀ ਜ਼ੋਰ ਦਿੱਤਾ। ਪਹਿਲਾਂ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਅੱਜ ਦੋ ਦਿਨਾਂ ਦੌਰੇ ਤੇ ਕੇਰਲ ਪਹੁੰਚੇ। ਕੋਚੀਨ ਅੰਤਰਰਾਸ਼ਟਰੀ ਹਵਾਈ ਅੱਡੇ ਤੇ ਉਨ੍ਹਾਂ ਦਾ ਸਵਾਗਤ ਰਾਜਪਾਲ ਓਮ ਪ੍ਰਕਾਸ਼ ਮਾਥੁਰ, ਮੁੱਖ ਮੰਤਰੀ ਵੀਡੀ ਸਤੀਸ਼ਨ ਅਤੇ ਹੋਰ ਪਤਵੰਤਿਆਂ ਨੇ ਕੀਤਾ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਨਵੀਂ ਦਿੱਲੀ ਵਿੱਚ ਪੰਜਵੀਂ ਹਿੰਦ ਮਹਾਸਾਗਰ ਰਿਮ ਐਸੋਸੀਏਸ਼ਨ ਆਈਓਆਰਏ ਮੰਤਰੀ ਪ੍ਰੀਸ਼ਦ ਦੀ ਮੀਟਿੰਗ ਵਿੱਚ ਹਿੱਸਾ ਲੈਣ ਵਾਲੇ 23 ਆਈਓਆਰਏ ਮੈਂਬਰ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਅਤੇ ਵਫ਼ਦਾਂ ਦੇ ਮੁਖੀਆਂ ਨਾਲ ਮੁਲਾਕਾਤ ਕੀਤੀ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਸ੍ਰੀ ਮੋਦੀ ਨੇ ਕਿਹਾ ਕਿ ਹਿੰਦ ਮਹਾਸਾਗਰ ਸਦੀਆਂ ਤੋਂ ਲੋਕਾਂ ਨੂੰ ਜੋੜਦਾ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਆਈਓਆਰਏ ਦੇ ਪ੍ਰਧਾਨ ਹੋਣ ਦੇ ਨਾਤੇ ਭਾਰਤ ਆਪਸੀ ਅਤੇ ਸਮਾਵੇਸ਼ੀ ਤਰੱਕੀ, ਖੇਤਰੀ ਸੁਰੱਖਿਆ ਤੇ ਵਿਕਾਸ ਲਈ ਮਹਾਸਾਗਰ ਦੇ ਆਪਣੇ ਦ੍ਰਿਸ਼ਟੀਕੋਣ ਨੂੰ ਅੱਗੇ ਵਧਾਉਣ ਅਤੇ ਹਿੰਦ ਮਹਾਸਾਗਰ ਇਲਾਕੇ ਵਿੱਚ ਸ਼ਾਂਤੀ, ਸੁਰੱਖਿਆ, ਸਥਿਰਤਾ ਤੇ ਖੁਸ਼ਹਾਲੀ ਨੂੰ ਮਜ਼ਬੂਤ ਕਰਨ ਲਈ ਸਾਰੇ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਨ ਦੀ ਉਮੀਦ ਕਰਦਾ ਹੈ।

ਕਲਕੱਤਾ ਹਾਈ ਕੋਰਟ ਨੇ ਪੱਛਮੀ ਬੰਗਾਲ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਵਜੋਂ ਰਿਤਬਰਤ ਬੈਨਰਜੀ ਅਤੇ ਚੀਫ਼ ਵਿੱਪ ਵਜੋਂ ਅਖਰੂਜ਼ਮਾਨ ਦੀ ਨਿਯੁਕਤੀ ਨੂੰ ਰੱਦ ਕਰ ਦਿੱਤਾ ਹੈ। ਜਸਟਿਸ ਕ੍ਰਿਸ਼ਨ

ਰਾਓ ਨੇ ਕਿਹਾ ਹੈ ਕਿ ਉਨ੍ਹਾਂ ਦੀ ਨਿਯੁਕਤੀ ਸਬੰਧੀ ਸਪੀਕਰ ਦਾ ਫੈਸਲਾ ਕਾਨੂੰਨੀ ਤੌਰ ਤੇ ਉਚਿਤ ਨਹੀਂ ਸੀ ਅਤੇ ਉਨ੍ਹਾਂ ਨੂੰ 10 ਦਿਨਾਂ ਦੇ ਅੰਦਰ ਨਵਾਂ ਫੈਸਲਾ ਲੈਣ ਦਾ ਨਿਰਦੇਸ਼ ਦਿੱਤਾ ਹੈ। ਇਹ ਫੈਸਲਾ ਤ੍ਰਿਣਮੂਲ ਕਾਂਗਰਸ ਦੇ ਸੀਨੀਅਰ ਨੇਤਾ ਸਿਬਾਨਦੇਵ ਚਟੋਪਾਧਿਆਏ ਵੱਲੋਂ ਦਾਇਰ ਪਟੀਸ਼ਨ ਤੇ ਆਇਆ ਹੈ ਜਿਸ ਵਿੱਚ ਸਪੀਕਰ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਗਈ ਸੀ। ਇਸ ਤੋਂ ਪਹਿਲਾਂ 18 ਅਗਸਤ ਨੂੰ ਇੱਕ ਡਿਵੀਜ਼ਨ ਬੈਂਚ ਨੇ ਰਿਤਬਰਤ ਬੈਨਰਜੀ ਦੀ ਨਿਯੁਕਤੀ ਨੂੰ ਆਰਜ਼ੀ ਬਣਾ ਦਿੱਤਾ ਸੀ ਅਤੇ ਸਿੰਗਲ ਬੈਂਚ ਨੂੰ ਕਾਨੂੰਨੀ ਮੁੱਦਿਆਂ ਦੀ ਜਾਂਚ ਕਰਨ ਤੋਂ ਬਾਅਦ ਦੋ ਮਹੀਨਿਆਂ ਅੰਦਰ ਕੇਸ ਦਾ ਨਿਪਟਾਰਾ ਕਰਨ ਦਾ ਨਿਰਦੇਸ਼ ਦਿੱਤਾ ਸੀ।

ਇਲਾਹਾਬਾਦ ਹਾਈ ਕੋਰਟ ਨੇ ਉੱਤਰ ਪ੍ਰਦੇਸ਼ ਪਬਲਿਕ ਸਰਵਿਸ ਕਮਿਸ਼ਨ ਯੂਪੀਪੀਐਸਸੀ ਪੀਸੀਐਸ 2025 ਮੁੱਢਲੀ ਪ੍ਰੀਖਿਆ ਦਾ ਨਤੀਜਾ ਰੱਦ ਕਰ ਦਿੱਤਾ ਹੈ ਤੇ ਕਮਿਸ਼ਨ ਨੂੰ ਨਵਾਂ ਨਤੀਜਾ ਤਿਆਰ ਕਰਨ ਅਤੇ ਐਲਾਨਣ ਦਾ ਨਿਰਦੇਸ਼ ਦਿੱਤਾ ਹੈ। ਅਦਾਲਤ ਦੇ ਹੁਕਮਾਂ ਅਨੁਸਾਰ ਯੂਪੀਪੀਐਸਸੀ ਸੋਧਿਆ ਹੋਇਆ ਨਤੀਜਾ ਜਾਰੀ ਕਰੇਗਾ ਤੇ ਫਿਰ ਚੋਣ ਪ੍ਰਕਿਰਿਆ ਦੇ ਬਾਕੀ ਪੜਾਵਾਂ ਨੂੰ ਅੱਗੇ ਵਧਾਏਗਾ। ਇਹ ਫੈਸਲਾ ਜਸਟਿਸ ਮਨੀਸ਼ ਕੁਮਾਰ ਨਿਗਮ ਦੀ ਸਿੰਗਲ ਬੈਂਚ ਵੱਲੋਂ ਦਿੱਤਾ ਗਿਆ ਹੈ।

ਪੰਜਾਬ ਸਰਕਾਰ ਕੇਂਦਰੀ ਗ੍ਰਹਿ ਮੰਤਰਾਲੇ ਦੇ ਨਿਰਦੇਸ਼ਾਂ ਅਨੁਸਾਰ ਅੱਜ ਰਾਤੀ 8 ਵਜੇ ਤੋਂ 8 ਵਜ ਕੇ 5 ਮਿੰਟ ਤੱਕ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ

ਸਿਵਲ ਡਿਫੈਂਸ ਸੁਰੱਖਿਆ ਅਭਿਆਸ ਤਹਿਤ ਇੱਕ ਹਵਾਈ ਹਮਲਾ ਤੇ ਬਲੈਕ ਆਊਟ ਡਰਿੱਲ ਕਰੇਗੀ। ਇਹ ਮੌਕ ਡਰਿੱਲ ਹਵਾਈ ਹਮਲੇ ਦੀ ਚੇਤਾਵਨੀ ਦੇਣ ਵਾਲੇ ਸਾਇਰਨ ਦੀ ਆਵਾਜ਼ ਨਾਲ ਸ਼ੁਰੂ ਹੋਏਗੀ ਜਿਸ ਤੋਂ ਬਾਅਦ ਨਿਰਧਾਰਤ ਇਲਾਕਿਆਂ ਵਿੱਚ ਬਲੈਕ ਆਊਟ ਡਰਿੱਲ ਕੀਤੀ ਜਾਏਗੀ। ਇਨ੍ਹਾਂ ਇਲਾਕਿਆਂ ਦੇ ਵਸਨੀਕਾਂ ਨੂੰ ਅਭਿਆਸ ਦੌਰਾਨ ਸਾਰੀਆਂ ਗੈਰ ਜ਼ਰੂਰੀ ਲਾਈਟਾਂ ਬੰਦ ਕਰਨ ਦੀ ਸਲਾਹ ਦਿੱਤੀ ਗਈ ਹੈ। ਹਾਲਾਂਕਿ ਜ਼ਰੂਰੀ ਸੇਵਾਵਾਂ ਆਮ ਵਾਂਗ ਜਾਰੀ ਰਹਿਣਗੀਆਂ। ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਘਬਰਾਹਟ ਵਿੱਚ ਨਾ ਆਉਣ ਤੇ ਸਾਇਰਨ ਨੂੰ ਅਸਲ ਹਵਾਈ ਹਮਲੇ ਦੀ ਚੇਤਾਵਨੀ ਨਾ ਸਮਝਣ। ਇਹ ਇੱਕ ਨਿਯਮਤ ਅਭਿਆਸ ਹੈ ਜਿਸ ਦਾ ਉਦੇਸ਼ ਰਾਜ ਦੀ ਸਿਵਲ ਰੱਖਿਆ ਤਿਆਰੀ ਅਤੇ ਹੰਗਾਮੀ ਪ੍ਰਤੀਕਰਮ ਪ੍ਰਣਾਲੀ ਦਾ ਮੁਲਾਂਕਣ ਕਰਕੇ ਮਜ਼ਬੂਤ ਕਰਨਾ ਹੈ।

ਸਰਹੱਦੀ ਸੁਰੱਖਿਆ ਬਲ ਬੀਐਸਐਫ ਦੇ ਜਵਾਨਾਂ ਨੇ ਅੱਜ ਸਵੇਰੇ ਪੰਜਾਬ ਦੇ ਪਠਾਨਕੋਟ ਵਿੱਚ ਭਾਰਤ ਪਾਕਿਸਤਾਨ ਅੰਤਰਰਾਸ਼ਟਰੀ ਸਰਹੱਦ ਤੇ ਇੱਕ ਪਾਕਿਸਤਾਨੀ ਘੁਸਪੈਠੀਏ ਨੂੰ ਗੋਲੀ ਮਾਰ ਕੇ ਖਤਮ ਕਰ ਦਿੱਤਾ। ਅਧਿਕਾਰੀਆਂ ਅਨੁਸਾਰ ਜਵਾਨਾਂ ਨੇ ਤੜਕੇ 2 ਵਜੇ ਦੇ ਕਰੀਬ ਪਹਾੜਪੁਰ ਸਰਹੱਦੀ ਚੌਂਕੀ ਨੇੜੇ ਸ਼ੱਕੀ ਗਤੀਵਿਧੀ ਦੇਖੀ। ਇਸ ਦੌਰਾਨ ਇੱਕ ਘੁਸਪੈਠੀਆ ਭਾਰਤੀ ਸਰਹੱਦ ਵਿੱਚ ਦਾਖਲ ਹੋਇਆ। ਜਵਾਨਾਂ ਵੱਲੋਂ ਵਾਰ ਵਾਰ ਚੇਤਾਵਨੀਆਂ ਦੇਣ ਦੇ ਬਾਵਜੂਦ ਘੁਸਪੈਠੀਆ ਭਾਰਤੀ ਸਰਹੱਦ ਵਿੱਚ ਅੱਗੇ ਵਧਦਾ ਰਿਹਾ। ਜਵਾਨਾਂ ਦੀ ਗੋਲੀਬਾਰੀ 'ਚ

ਘੁਸਪੈਠੀਏ ਦੀ ਮੌਤ ਹੋ ਗਈ। ਪਠਾਨਕੋਟ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਚੀਫ਼ ਆਫ਼ ਡਿਫੈਂਸ ਸਟਾਫ਼ ਸੀਡੀਐਸ ਜਨਰਲ ਐਨਐਸ ਰਾਜਾ ਸੁਬਰਮਨੀ ਨੇ ਅੱਜ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਭਾਰਤ ਨੂੰ ਵਿਸ਼ਵ ਟਕਰਾਵਾਂ ਤੋਂ ਸਬਕ ਲੈ ਕੇ ਅਤੇ ਆਪਣੀਆਂ ਵਿਲੱਖਣ ਸੁਰੱਖਿਆ ਚੁਣੌਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਭਵਿੱਖ ਦੇ ਯੁੱਧ ਲਈ ਆਪਣਾ ਦ੍ਰਿਸ਼ਟੀਕੋਣ ਵਿਕਸਤ ਕਰਨਾ ਚਾਹੀਦਾ ਹੈ। ਉਨ੍ਹਾਂ ਇਹ ਬਿਆਨ ਨਵੀਂ ਦਿੱਲੀ ਵਿੱਚ ਯੁੱਧ ਦੇ ਭਵਿੱਖ ਅਤੇ ਬਹੁ ਖੇਤਰੀ ਕਾਰਜਾਂ ਲਈ ਭਾਰਤ ਦੀ ਤਿਆਰੀ ਤੇ ਭਾਸ਼ਣ ਦਿੰਦੇ ਹੋਏ ਕੀਤਾ। ਆਪਣੇ ਭਾਸ਼ਣ ਵਿੱਚ ਜਨਰਲ ਸੁਬਰਮਨੀ ਨੇ ਜ਼ੋਰ ਦੇ ਕੇ ਕਿਹਾ ਕਿ ਰੱਖਿਆ ਵਿੱਚ ਆਤਮ ਨਿਰਭਰਤਾ ਸਿਰਫ ਇੱਕ ਨਾਅਰਾ ਨਹੀਂ ਸਗੋਂ ਦੇਸ਼ ਲਈ ਭਵਿੱਖ ਵਿੱਚ ਫੌਜੀ ਕਾਰਵਾਈਆਂ ਨੂੰ ਜਾਰੀ ਰੱਖਣ ਲਈ ਜ਼ਰੂਰੀ ਹੈ। ਸੀਡੀਐਸ ਨੇ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਆਧੁਨਿਕ ਯੁੱਧ ਨੈੱਟਵਰਕ ਕੇਂਦਰਿਤ ਕਾਰਜਾਂ ਤੋਂ ਫੈਸਲਾ ਕੇਂਦਰਿਤ ਕਾਰਜਾਂ ਵੱਲ ਵਧ ਰਿਹਾ ਹੈ ਜਿਸ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ, ਨਿਰੰਤਰ ਨਿਗਰਾਨੀ ਅਤੇ ਏਕੀਕ੍ਰਿਤ ਫੌਜੀ ਸਮਰੱਥਾਵਾਂ ਤੇ ਵਧੇਰੇ ਨਿਰਭਰਤਾ ਸ਼ਾਮਲ ਹੈ।

ਸੁਪਰੀਮ ਕੋਰਟ ਨੇ ਅੱਜ ਤਾਮਿਲਨਾਡੂ ਦੇ ਮੁੱਖ ਸਕੱਤਰ, ਪੁਲਿਸ ਮੁਖੀ, ਮਦੁਰਈ ਦੇ ਕਲੈਕਟਰ ਅਤੇ ਹੋਰ ਅਧਿਕਾਰੀਆਂ ਨੂੰ ਕਾਰਤੀਕਈ ਦੀਪਮ ਆਦੇਸ਼ ਦੀ ਉਲੰਘਣਾ ਕਰਨ ਦੀ ਹੱਤਕ ਨੋਟਿਸ ਜਾਰੀ ਕੀਤਾ ਹੈ।

ਸੁਪਰੀਮ ਕੋਰਟ ਨੇ ਅਰੁਲਮਿਗੂ ਸੁਬਰਮਨੀਅਨ ਸਵਾਮੀ ਮੰਦਰ ਦੇ ਟਰੱਸਟੀ ਬੋਰਡ ਨੂੰ ਮੁਅੱਤਲ ਕਰ ਦਿੱਤਾ ਹੈ। ਅਦਾਲਤ ਨੇ ਆਦੇਸ਼ ਦਿੱਤਾ ਹੈ ਕਿ ਕੱਲ੍ਹ ਤਿਰੂਪੁੰਗੁੰਦਰਮ ਦੀਪੁਥਨ ਵਿਖੇ ਉੱਚੇ ਪਿੱਲਰ ਮੰਡਪ ਵਿਖੇ ਲਾਠ ਦੀ ਵਰਤੋਂ ਕਰਕੇ ਦੀਵਾ ਜਗਾਇਆ ਜਾਏ।

ਜਲੰਧਰ 'ਚ ਓਲੰਪੀਅਨ ਸੁਰਜੀਤ ਹਾਕੀ ਸਟੇਡੀਅਮ 'ਚ ਖੇਡੇ ਜਾ ਰਹੇ 43ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਦੇ ਦੂਜੇ ਸੈਮੀਫਾਈਨਲ 'ਚ ਪੰਜਾਬ ਪੁਲਿਸ ਤੇ ਆਰਸੀਐਫ ਕਪੂਰਥਲਾ ਦਰਮਿਆਨ ਮੁਕਾਬਲਾ ਜਾਰੀ ਹੈ। ਅੱਜ ਪਹਿਲਾਂ ਖੇਡੇ ਗਏ ਪਹਿਲੇ ਸੈਮੀਫਾਈਨਲ ਵਿੱਚ ਕੈਗ ਦਿੱਲੀ ਨੇ ਇੰਡੀਅਨ ਆਇਲ ਨੂੰ ਦੋ ਇੱਕ ਦੇ ਫਰਕ ਨਾਲ ਹਰਾ ਕੇ ਫਾਈਨਲ ਵਿੱਚ ਆਪਣੀ ਥਾਂ ਪੱਕੀ ਕੀਤੀ।

ਕ੍ਰਾਈਸਟਚਰਚ ਵਿੱਚ ਦੂਜੇ ਟੈਸਟ ਮੈਚ ਦੇ ਪਹਿਲੇ ਦਿਨ ਦੀ ਖੇਡ ਖਤਮ ਹੋਣ ਤੱਕ ਨਿਊਜ਼ੀਲੈਂਡ ਨੇ ਆਪਣੀ ਪਹਿਲੀ ਪਾਰੀ ਵਿੱਚ ਪੰਜ ਵਿਕਟਾਂ ਤੇ 246 ਦੌੜਾਂ ਬਣਾਈਆਂ ਨੇ। ਟੌਮ ਬਲੰਡਲ 53 ਅਤੇ ਗਲੈਨ ਫਿਲਿਪਸ 36 ਦੌੜਾਂ ਬਣਾ ਕੇ ਕ੍ਰੀਜ਼ ਤੇ ਸਨ। ਭਾਰਤ ਲਈ ਆਕਾਸ਼ਦੀਪ ਨੇ ਦੋ ਵਿਕਟਾਂ ਲਈਆਂ ਜਦੋਂ ਕਿ ਗੁਰਨੂਰ ਬਰਾੜ, ਵਾਸ਼ਿੰਗਟਨ ਸੁੰਦਰ ਤੇ ਅੰਸ਼ੁਲ ਕੰਬੋਜ ਨੇ ਇੱਕ ਇੱਕ ਵਿਕਟ ਹਾਸਲ ਕੀਤੀ। ਇਸ ਤੋਂ ਪਹਿਲਾਂ ਭਾਰਤ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ। ਭਾਰਤ ਨੇ ਇਸ ਮੈਚ ਵਿੱਚ ਕ੍ਰਿਸਿਧ ਕ੍ਰਿਸ਼ਨਾ ਦੀ ਥਾਂ ਗੁਰਨੂਰ ਬਰਾੜ ਨੂੰ ਜਗ੍ਹਾ ਦਿੱਤੀ ਹੈ। ਇਹ ਗੁਰਨੂਰ ਬਰਾੜ ਦਾ ਪਹਿਲਾ ਟੈਸਟ ਮੈਚ ਹੈ।

- ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰੇਨ ਰਿਜਿਜੂ ਨੇ ਕਿਹਾ ਹੈ ਕਿ ਸਰਕਾਰ ਸੋਮਵਾਰ ਤੋਂ ਸ਼ੁਰੂ ਹੋ ਰਹੇ ਲੋਕ ਸਭਾ ਦੇ 4 ਦਿਨਾਂ ਸਮਾਗਮ ਦੌਰਾਨ ਮਹੱਤਵਪੂਰਨ ਬਿੱਲ ਪੇਸ਼ ਕਰੇਗੀ।

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਨਵੀਂ ਦਿੱਲੀ ਵਿੱਚ 25ਵੀਂ ਹਿੰਦ ਮਹਾਸਾਗਰ ਰਿਮ ਐਸੋਸੀਏਸ਼ਨ IORA ਦੀ ਮੀਟਿੰਗ ਵਿੱਚ ਹਿੱਸਾ ਲੈਣ ਵਾਲੇ ਮੈਂਬਰ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਤੇ ਵਫਦਾਂ ਦੇ ਮੁਖੀਆਂ ਨਾਲ ਮੁਲਾਕਾਤ ਕੀਤੀ |

- ਕਲਕੱਤਾ ਹਾਈ ਕੋਰਟ ਨੇ ਪੱਛਮੀ ਬੰਗਾਲ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਵਜੋਂ ਰਿਤਾਬ੍ਰਤ ਬੈਨਰਜੀ ਅਤੇ CHIEF WHIP ਵਜੋਂ ਅਖਰੂਜ਼ਮਾਨ ਦੀ ਨਿਯੁਕਤੀ ਰੱਦ ਕਰ ਦਿੱਤੀ ਏ |

- ਪੰਜਾਬ ‘ਚ ਅੱਜ ਰਾਤੀ 8 ਵਜੇ ਤੋਂ 8 ਵੱਜ ਕੇ 5 ਮਿੰਟ ਤੱਕ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਸਿਵਲ ਡਿਫੈਂਸ ਰੱਖਿਆ ਅਭਿਆਸ ਤਹਿਤ ਹਵਾਈ ਹਮਲਾ ਅਤੇ ਬਲੈਕਆਊਟ ਡ੍ਰਿਲ ਹੋਏਗੀ।

- CAG ਦਿੱਲੀ ਦੀ ਟੀਮ INDIAN OIL ਨੂੰ 2 - 1 ਨੂੰ ਹਰਾ ਕੇ 43ਵੇਂ ਇੰਡੀਅਨ OIL ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਦੇ ਫਾਈਨਲ 'ਚ ਪਹੁੰਚ ਗਈ ਏ |

- ਕ੍ਰਾਈਸਟਚਰਚ ਵਿੱਚ ਭਾਰਤ ਖਿਲਾਫ ਦੂਜੇ ਟੈਸਟ ਮੈਚ ਦੇ ਪਹਿਲੇ ਦਿਨ ਦੀ ਖੇਡ ਖਤਮ ਹੋਣ ਤਕ NEWZEALAND ਨੇ ਆਪਣੀ ਪਹਿਲੀ ਪਾਰੀ 'ਚ 5 ਵਿਕਟਾਂ ਤੇ 246 ਦੌੜਾਂ ਬਣਾ ਲਈਆਂ ਨੇ |

ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਰਾਸ਼ਟਰੀ ਖ਼ਬਰਾਂ ਦਾ ਬੁਲੇਟਿਨ, ਭਲਕੇ ਸਵੇਰੇ ਸਾਢੇ ੪ ਵਜੇ ਹੋਏਗਾ। ਨਮਸਕਾਰ!